# ਬੱਚਿਆਂ ਨੂੰ ਖਸਰੇ ਤੋਂ ਬਚਾਉਣ ਬਾਰੇ ਆਮ ਸਵਾਲ

## ਖਸਰੇ ਬਾਰੇ ਸਵਾਲ

### Q ਕੀ ਖਸਰਾ ਤੁਹਾਨੂੰ ਬਿਮਾਰ ਕਰ ਸਕਦਾ ਹੈ?

ਹਾਂ। ਖਸਰਾ ਬਹੁਤ ਗੰਭੀਰ ਰੂਪ ਲੈ ਸਕਦਾ ਹੈ ਅਤੇ ਇਸ ਨਾਲ ਮੌਤ ਸਮੇਤ ਕਈ ਹੋਰ ਜਾਨਲੇਵਾ ਸਮੱਸਿਆਵਾਂ ਹੋ ਸਕਦੀਆਂ ਹਨ। ਉਦਾਹਰਨ ਲਈ, ਖਸਰੇ ਦੀ ਲਪੇਟ ਵਿੱਚ ਆਉਣ ਵਾਲੇ ਹਰ 5 ਵਿੱਚੋਂ ਲਗਭਗ 1 ਬਿਨਾਂ ਟੀਕਾਕਰਨ ਵਾਲੇ ਬੱਚੇ ਨੂੰ ਹਸਪਤਾਲ ਦਾਖਲ ਕਰਵਾਉਣ ਦੀ ਲੋੜ ਪੈ ਸਕਦੀ ਹੈ, ਹਰ 20 ਵਿੱਚੋਂ 1 ਬੱਚੇ ਨੂੰ ਨਿਮੋਨੀਆ ਹੋ ਸਕਦਾ ਹੈ ਅਤੇ ਹਰ 1,000 ਵਿੱਚੋਂ 1 ਬੱਚੇ ਦੇ ਦਿਮਾਗ ਵਿੱਚ ਜਾਨਲੇਵਾ ਸੋਜ ਆ ਸਕਦੀ ਹੈ।

### Q ਖਸਰੇ ਦੇ ਲੱਛਣ ਕੀ ਹਨ?

ਖਸਰੇ ਦੇ ਲੱਛਣ ਆਮ ਤੌਰ 'ਤੇ ਵਾਇਰਸ ਦੇ ਸੰਪਰਕ ਵਿੱਚ ਆਉਣ ਤੋਂ 7 ਤੋਂ 14 ਦਿਨਾਂ ਬਾਅਦ ਦਿਖਾਈ ਦਿੰਦੇ ਹਨ। ਇਸ ਦੇ ਆਮ ਲੱਛਣਾਂ ਵਿੱਚ ਤੇਜ਼ ਬੁਖਾਰ, ਖੰਘ, ਵਗਦੀ ਨੱਕ, ਸਰੀਰ 'ਤੇ ਲਾਲ ਦਾਣੇ ਅਤੇ ਅੱਖਾਂ ਦਾ ਲਾਲ ਹੋਣਾ ਅਤੇ ਉਨ੍ਹਾਂ ਵਿੱਚੋਂ ਪਾਣੀ ਆਉਣਾ ਸ਼ਾਮਲ ਹੈ। ਖਸਰੇ ਦੇ ਦਾਣੇ ਆਮ ਤੌਰ 'ਤੇ ਬੁਖਾਰ ਸ਼ੁਰੂ ਹੋਣ ਦੇ ਕੁਝ ਦਿਨਾਂ ਬਾਅਦ ਨਿਕਲਣੇ ਸ਼ੁਰੂ ਹੁੰਦੇ ਹਨ ਅਤੇ ਇਹ ਸਭ ਤੋਂ ਪਹਿਲਾਂ ਚਿਹਰੇ 'ਤੇ ਦਿਖਾਈ ਦਿੰਦੇ ਹਨ ਅਤੇ ਫਿਰ ਹੇਠਾਂ ਵੱਲ ਪੂਰੇ ਸਰੀਰ 'ਤੇ ਫੈਲ ਜਾਂਦੇ ਹਨ।

### Q ਜੇਕਰ ਕਿਸੇ ਨੂੰ ਖਸਰਾ ਹੋ ਜਾਂਦਾ ਹੈ, ਤਾਂ ਕੀ ਉਸਦਾ ਇਲਾਜ ਹੋ ਸਕਦਾ ਹੈ?

ਖਸਰੇ ਦਾ ਕੋਈ ਖਾਸ ਇਲਾਜ ਜਾਂ ਪੱਕਾ ਤੋੜ ਨਹੀਂ ਹੈ। ਡਾਕਟਰੀ ਦੇਖਭਾਲ ਮੁੱਖ ਤੌਰ 'ਤੇ ਲੱਛਣਾਂ ਨੂੰ ਘਟਾਉਣ ਅਤੇ ਮਰੀਜ਼ ਨੂੰ ਸਹਾਇਕ ਦੇਖਭਾਲ 'ਤੇ ਕੇਂਦ੍ਰਿਤ ਹੁੰਦੀ ਹੈ। ਆਪਣੇ ਬੱਚੇ ਨੂੰ ਖਸਰੇ ਤੋਂ ਸੁਰੱਖਿਅਤ ਰੱਖਣ ਦਾ ਸਭ ਤੋਂ ਵਧੀਆ ਤਰੀਕਾ ਇਹ ਯਕੀਨੀ ਬਣਾਉਣਾ ਹੈ ਕਿ ਉਸ ਨੂੰ MMR (ਖਸਰਾ, ਕੰਨਪੇੜੇ, ਰੂਬੇਲਾ) ਦਾ ਟੀਕਾ ਜ਼ਰੂਰ ਲੱਗਿਆ ਹੋਵੇ।

### Q ਜੇਕਰ ਮੈਨੂੰ ਲੱਗਦਾ ਹੈ ਕਿ ਮੇਰਾ ਬੱਚਾ ਖਸਰੇ ਦੇ ਮਰੀਜ਼ ਦੇ ਸੰਪਰਕ ਵਿੱਚ ਆਇਆ ਹੈ, ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਤੁਹਾਨੂੰ ਸਿਹਤ ਵਿਭਾਗ ਵੱਲੋਂ ਫ਼ੋਨ ਆ ਸਕਦਾ ਹੈ, ਜਿਸ ਵਿੱਚ ਉਹ ਤੁਹਾਨੂੰ ਇਹ ਦੱਸ ਸਕਦੇ ਹਨ ਕਿ ਤੁਹਾਡਾ ਬੱਚਾ ਖਸਰੇ ਦੇ ਸੰਪਰਕ ਵਿੱਚ ਆਇਆ ਹੋ ਸਕਦਾ ਹੈ। ਸਿਹਤ ਵਿਭਾਗ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰੋ। ਜੇਕਰ ਤੁਹਾਡੇ ਬੱਚੇ ਵਿੱਚ ਖਸਰੇ ਦੇ ਲੱਛਣ ਦਿਖਾਈ ਦੇਣੇ ਸ਼ੁਰੂ ਹੁੰਦੇ ਹਨ, ਤਾਂ ਤੁਰੰਤ ਉਨ੍ਹਾਂ ਦੇ ਡਾਕਟਰ ਜਾਂ ਹਸਪਤਾਲ ਨੂੰ ਫ਼ੋਨ ਕਰੋ, ਤਾਂ ਜੋ ਉਹ ਤੁਹਾਨੂੰ ਦੱਸ ਸਕਣ ਕਿ ਅੱਗੇ ਕੀ ਕਰਨਾ ਹੈ। ਉੱਥੇ ਪਹੁੰਚਣ ਤੋਂ ਪਹਿਲਾਂ ਫ਼ੋਨ ਜ਼ਰੂਰ ਕਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਤੁਹਾਡੀ ਸੁਰੱਖਿਅਤ ਮੁਲਾਕਾਤ ਲਈ ਪੂਰੀ ਤਰ੍ਹਾਂ ਤਿਆਰ ਹਨ।

## MMR ਟੀਕਾਕਰਨ ਬਾਰੇ ਸਵਾਲ

### Q ਕੀ MMR ਟੀਕਾਕਰਨ ਸੁਰੱਖਿਅਤ ਹੈ? ਸਾਨੂੰ ਇਹ ਕਿਵੇਂ ਪਤਾ ਲੱਗਦਾ ਹੈ?

ਹਾਂ। ਇਸ ਟੀਕੇ ਨੂੰ 50 ਤੋਂ ਵੱਧ ਸਾਲ ਪਹਿਲਾਂ ਮਾਨਤਾ ਮਿਲਣ ਤੋਂ ਬਾਅਦ, ਹੁਣ ਤੱਕ ਲੱਖਾਂ ਬੱਚੇ ਸੁਰੱਖਿਅਤ ਤਰੀਕੇ ਨਾਲ MMR ਦਾ ਟੀਕਾ ਲਗਵਾ ਚੁੱਕੇ ਹਨ। Centers for Disease Control and Prevention (CDC, ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ) ਅਤੇ Food and Drug Administration (FDA, ਖੁਰਾਕ ਅਤੇ ਦਵਾਈ ਪ੍ਰਸ਼ਾਸਨ) ਟੀਕਿਆਂ ਦੀ ਲਗਾਤਾਰ ਨਿਗਰਾਨੀ ਕਰਨ ਅਤੇ ਉਨ੍ਹਾਂ ਦੇ ਸੁਰੱਖਿਅਤ ਹੋਣ ਦੀ ਪੁਸ਼ਟੀ ਕਰਨ ਲਈ ਕਈ ਸੁਰੱਖਿਆ ਪ੍ਰਣਾਲੀਆਂ ਦੀ ਵਰਤੋਂ ਕਰਦੇ ਹਨ। MMR ਟੀਕੇ ਦੇ ਸੁਰੱਖਿਅਤ ਹੋਣ ਦੀ ਜਾਂਚ ਵਿਸ਼ਵ ਪੱਧਰ 'ਤੇ ਵੀ ਕੀਤੀ ਗਈ ਹੈ।

### Q MMR ਟੀਕਾਕਰਨ ਦੇ ਕੀ ਮਾੜੇ ਪ੍ਰਭਾਵ ਜਾਂ ਜੋਖਮ ਹਨ?

MMR ਦਾ ਟੀਕਾ ਲੱਗਣ ਤੋਂ ਬਾਅਦ, ਤੁਹਾਡੇ ਬੱਚੇ ਨੂੰ ਹਲਕੇ ਮਾੜੇ ਪ੍ਰਭਾਵ ਹੋ ਸਕਦੇ ਹਨ, ਜਿਵੇਂ ਕਿ ਟੀਕਾ ਲੱਗਣ ਵਾਲੀ ਜਗ੍ਹਾ 'ਤੇ ਦਰਦ ਹੋਣਾ, ਬੁਖਾਰ ਹੋਣਾ ਜਾਂ ਸਰੀਰ 'ਤੇ ਲਾਲ ਦਾਣੇ ਨਿਕਲਣਾ। ਇਹ ਮਾੜੇ ਪ੍ਰਭਾਵ ਆਮ ਤੌਰ 'ਤੇ ਕੇਵਲ ਕੁਝ ਦਿਨਾਂ ਤੱਕ ਹੀ ਰਹਿੰਦੇ ਹਨ ਅਤੇ ਆਪਣੇ ਆਪ ਠੀਕ ਹੋ ਜਾਂਦੇ ਹਨ। ਵਧੇਰੇ ਗੰਭੀਰ ਮਾੜੇ ਪ੍ਰਭਾਵ ਬਹੁਤ ਘੱਟ ਹੁੰਦੇ ਹਨ, ਪਰ ਇਹਨਾਂ ਵਿੱਚ ਤੇਜ਼ ਬੁਖਾਰ ਸ਼ਾਮਲ ਹੋ ਸਕਦਾ ਹੈ ਜਿਸ ਕਾਰਨ ਬੁਖਾਰ ਵਾਲੇ ਦੌਰੇ ਪੈ ਸਕਦੇ ਹਨ। ਇਹ ਮੰਨਿਆ ਜਾਂਦਾ ਹੈ ਕਿ ਬੁਖਾਰ ਵਾਲੇ ਦੌਰਿਆਂ ਦੇ ਕਾਰਨ ਕੋਈ ਪੱਕਾ ਨੁਕਸਾਨ ਨਹੀਂ ਹੁੰਦਾ ਅਤੇ ਨਾ ਹੀ ਇਹਨਾਂ ਦਾ ਕੋਈ ਲੰਮਾ ਅਸਰ ਰਹਿੰਦਾ ਹੈ।

### Q ਕੀ MMR ਟੀਕਾਕਰਨ ਤੋਂ ਬਾਅਦ ਲੰਮੇ ਸਮੇਂ ਦੇ ਕੋਈ ਜੋਖਮ ਹੁੰਦੇ ਹਨ?

ਸਾਡੇ ਕੋਲ MMR ਟੀਕੇ ਦਾ ਦਹਾਕਿਆਂ ਦਾ ਅਨੁਭਵ ਹੈ ਅਤੇ ਅਜਿਹਾ ਕੋਈ ਸਬੂਤ ਨਹੀਂ ਹੈ ਕਿ ਇਹ ਲੰਮੇ ਸਮੇਂ ਲਈ ਕੋਈ ਨੁਕਸਾਨ ਪਹੁੰਚਾਉਂਦਾ ਹੈ।

### Q ਕੀ MMR ਵਰਗੇ ਟੀਕਿਆਂ ਕਾਰਨ ਔਟਿਜ਼ਮ ਹੁੰਦਾ ਹੈ?

ਲੱਖਾਂ ਬੱਚਿਆਂ 'ਤੇ ਕੀਤੇ ਗਏ ਵਿਆਪਕ ਖੋਜ ਕਾਰਜ ਤੋਂ ਇਹ ਸਾਹਮਣੇ ਆਇਆ ਹੈ ਕਿ ਟੀਕਿਆਂ ਅਤੇ ਔਟਿਜ਼ਮ ਵਿਚਕਾਰ ਕੋਈ ਸੰਬੰਧ ਨਹੀਂ ਹੈ।

### ਬੱਚਿਆਂ ਦੇ ਟੀਕਾਕਰਨ ਬਾਰੇ ਹੋਰ ਜਾਣੋ:

**ਖਸਰੇ ਬਾਰੇ ਸਵਾਲ**
cdc.gov/measles/about/questions.html

**ਤੁਹਾਡੇ ਬੱਚਿਆਂ ਦੇ ਟੀਕਾਕਰਨ ਬਾਰੇ**
cdc.gov/vaccines - children/about/ index.html

## MMR ਟੀਕਾਕਰਨ ਬਾਰੇ ਸਵਾਲ

### MMR ਟੀਕੇ ਕਿੰਨਾ ਵਧੀਆ ਕੰਮ ਕਰਦੇ ਹਨ?

MMR ਟੀਕਾ ਬਹੁਤ ਵਧੀਆ ਤਰੀਕੇ ਨਾਲ ਕੰਮ ਕਰਦਾ ਹੈ। ਇਸ ਦੀਆਂ 2 ਖੁਰਾਕਾਂ ਲੈਣ ਤੋਂ ਬਾਅਦ, ਇਹ ਲਗਭਗ 97% ਲੋਕਾਂ ਨੂੰ ਖਸਰੇ ਤੋਂ ਬਚਾਉਂਦਾ ਹੈ। ਟੀਕਾ ਲਗਵਾ ਚੁੱਕੇ ਲੋਕਾਂ ਨੂੰ ਖਸਰਾ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ, ਪਰ ਅਜਿਹਾ ਹੋ ਸਕਦਾ ਹੈ। ਫਿਰ ਵੀ, ਉਹਨਾਂ ਵੱਲੋਂ ਇਸ ਬਿਮਾਰੀ ਨੂੰ ਦੂਜਿਆਂ ਵਿੱਚ ਫੈਲਾਉਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਇਸ ਦੇ ਨਾਲ ਹੀ, ਉਹਨਾਂ ਵਿੱਚ ਬਿਮਾਰੀ ਦੇ ਲੱਛਣ ਹਲਕੇ ਹੁੰਦੇ ਹਨ ਅਤੇ ਗੰਭੀਰ ਸਮੱਸਿਆਵਾਂ ਵੀ ਬਹੁਤ ਘੱਟ ਹੁੰਦੀਆਂ ਹਨ।

### ਜੇਕਰ ਮੈਂ ਆਪਣੇ ਬੱਚਿਆਂ ਦਾ ਟੀਕਾਕਰਨ ਨਹੀਂ ਕਰਵਾਉਂਦਾ/ਕਰਵਾਉਂਦੀ, ਤਾਂ ਕੀ ਸੱਚਮੁੱਚ ਉਹਨਾਂ ਨੂੰ ਖਸਰਾ ਹੋਣ ਦਾ ਜੋਖਮ ਹੈ?

ਖਸਰਾ ਬਹੁਤ ਆਸਾਨੀ ਨਾਲ ਫੈਲਦਾ ਹੈ ਅਤੇ ਇਹ ਦੁਨੀਆ ਦੀਆਂ ਸਭ ਤੋਂ ਵੱਧ ਛੂਤਕਾਰੀ ਬਿਮਾਰੀਆਂ ਵਿੱਚੋਂ ਇੱਕ ਹੈ। ਕੋਈ ਵੀ ਵਿਅਕਤੀ ਜਿਸ ਦਾ ਖਸਰੇ ਤੋਂ ਬਚਾਅ ਨਹੀਂ ਹੋਇਆ ਹੈ, ਉਸ ਨੂੰ ਇਸ ਦਾ ਜੋਖਮ ਹੈ। ਟੀਕਾਕਰਨ ਦੀ ਦਰ ਵਿੱਚ ਆਈ ਗਿਰਾਵਟ ਅਤੇ ਵਧ ਰਹੇ ਸਫ਼ਰ ਦੇ ਕਾਰਨ, ਅਸੀਂ ਖਸਰੇ ਦੇ ਮਾਮਲਿਆਂ ਵਿੱਚ ਵਾਧਾ ਦੇਖਿਆ ਹੈ, ਜਿਸ ਕਰਕੇ MMR ਟੀਕਾਕਰਨ ਹੋਰ ਵੀ ਮਹੱਤਵਪੂਰਨ ਹੋ ਗਿਆ ਹੈ।

### ਸਾਡਾ ਪਰਿਵਾਰ ਵਿਦੇਸ਼ ਯਾਤਰਾ ਦੀ ਯੋਜਨਾ ਬਣਾ ਰਿਹਾ ਹੈ। ਅਸੀਂ ਆਪਣੇ ਬੱਚੇ ਨੂੰ ਖਸਰੇ ਤੋਂ ਕਿਵੇਂ ਬਚਾ ਸਕਦੇ ਹਾਂ?

ਕਿਸੇ ਵਿਦੇਸ਼ੀ ਯਾਤਰਾ 'ਤੇ ਜਾਣ ਤੋਂ ਪਹਿਲਾਂ, ਤੁਹਾਡੇ ਪਰਿਵਾਰ ਦੇ ਹਰ ਮੈਂਬਰ ਦਾ MMR ਟੀਕਾਕਰਨ ਰਾਹੀਂ ਖਸਰੇ ਤੋਂ ਬਚਾਅ ਹੋਣਾ ਚਾਹੀਦਾ ਹੈ ਕਿਉਂਕਿ ਖਸਰੇ ਦੇ ਮਾਮਲੇ ਪੂਰੀ ਦੁਨੀਆ ਵਿੱਚ ਸਾਹਮਣੇ ਆਉਂਦੇ ਰਹਿੰਦੇ ਹਨ। ਇਹਨਾਂ ਸਿਫ਼ਾਰਸ਼ਾਂ ਵਿੱਚ 6 ਤੋਂ 11 ਮਹੀਨੇ ਦੇ ਛੋਟੇ ਬੱਚਿਆਂ ਲਈ MMR ਟੀਕੇ ਦੀ ਇੱਕ ਖੁਰਾਕ, ਅਤੇ 12 ਮਹੀਨੇ ਜਾਂ ਉਸ ਤੋਂ ਵੱਡੀ ਉਮਰ ਦੇ ਬੱਚਿਆਂ, ਨੌਜਵਾਨਾਂ ਅਤੇ ਵੱਡਿਆਂ ਲਈ 2 ਖੁਰਾਕਾਂ (28 ਦਿਨਾਂ ਦੇ ਫਰਕ ਨਾਲ) ਸ਼ਾਮਲ ਹਨ, ਜਿਨ੍ਹਾਂ ਦਾ ਅਜੇ ਤੱਕ ਟੀਕਾਕਰਨ ਨਹੀਂ ਹੋਇਆ ਹੈ। ਸਫ਼ਰ 'ਤੇ ਜਾਣ ਤੋਂ ਘੱਟੋ-ਘੱਟ 2 ਹਫ਼ਤੇ ਪਹਿਲਾਂ ਟੀਕਾਕਰਨ ਕਰਵਾਉਣ ਨਾਲ ਖਸਰੇ ਤੋਂ ਸਭ ਤੋਂ ਵਧੀਆ ਸੁਰੱਖਿਆ ਮਿਲਦੀ ਹੈ।

### ਕੀ ਬੱਚੇ ਜਨਮ ਸਮੇਂ ਖਸਰੇ ਤੋਂ ਸੁਰੱਖਿਅਤ ਹੁੰਦੇ ਹਨ?

ਜਦੋਂ ਕੋਈ ਬੱਚਾ ਅਜਿਹੀ ਮਾਂ ਤੋਂ ਜਨਮ ਲੈਂਦਾ ਹੈ ਜਿਸ ਅੰਦਰ ਖਸਰੇ ਦੇ ਖਿਲਾਫ਼ ਰੋਗ ਪ੍ਰਤੀਰੋਧਕ ਸ਼ਕਤੀ ਹੁੰਦੀ ਹੈ, ਤਾਂ ਉਸ ਬੱਚੇ ਨੂੰ ਮਾਂ ਦੇ ਐਂਟੀਬਾਡੀਜ਼ ਰਾਹੀਂ ਕੁਝ ਸੁਰੱਖਿਆ ਮਿਲਦੀ ਹੈ: ਇਹ ਸੁਰੱਖਿਆ ਜੀਵਨ ਦੇ ਸ਼ੁਰੂਆਤੀ ਮਹੀਨਿਆਂ ਦੌਰਾਨ ਮਦਦ ਕਰਦੀ ਹੈ, ਪਰ ਸਮੇਂ ਦੇ ਨਾਲ ਹੌਲੀ-ਹੌਲੀ ਕਮਜ਼ੋਰ ਹੁੰਦੀ ਜਾਂਦੀ ਹੈ। ਟੀਕੇ, ਜਿਵੇਂ ਕਿ MMR ਦਾ ਟੀਕਾ, ਤੁਹਾਡੇ ਬੱਚੇ ਨੂੰ ਖਸਰਾ ਹੋਣ ਦੇ ਜੋਖਮਾਂ ਤੋਂ ਬਿਨਾਂ ਰੋਗ ਪ੍ਰਤੀਰੋਧਕ ਸ਼ਕਤੀ ਵਿਕਸਿਤ ਕਰਨ ਵਿੱਚ ਮਦਦ ਕਰਨ ਦਾ ਸੁਰੱਖਿਅਤ ਤਰੀਕਾ ਹਨ।

### ਬੱਚਿਆਂ ਨੂੰ ਇੰਨੀ ਛੋਟੀ ਉਮਰ ਵਿੱਚ MMR ਦਾ ਟੀਕਾ ਲਗਵਾਉਣ ਦੀ ਲੋੜ ਕਿਉਂ ਹੁੰਦੀ ਹੈ?

ਬੱਚਿਆਂ ਨੂੰ ਖਸਰੇ ਵਰਗੀਆਂ ਗੰਭੀਰ ਬਿਮਾਰੀਆਂ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਹੀ ਬਚਾਅ ਕਰਨ ਲਈ ਜੀਵਨ ਦੇ ਸ਼ੁਰੂਆਤੀ ਦੌਰ ਵਿੱਚ ਹੀ ਟੀਕੇ ਲਗਵਾਉਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਬੱਚਿਆਂ ਨੂੰ ਆਮ ਤੌਰ 'ਤੇ MMR ਦਾ ਪਹਿਲਾ ਟੀਕਾ 12 ਤੋਂ 15 ਮਹੀਨਿਆਂ ਦੀ ਉਮਰ ਵਿੱਚ ਲਗਾਇਆ ਜਾਂਦਾ ਹੈ ਕਿਉਂਕਿ ਇਸ ਉਮਰ ਤੱਕ ਮਾਂ ਦੇ ਐਂਟੀਬਾਡੀਜ਼ ਤੋਂ ਮਿਲੀ ਸੁਰੱਖਿਆ ਖ਼ਤਮ ਹੋ ਜਾਂਦੀ ਹੈ। ਇਸ ਉਮਰ ਵਿੱਚ ਖਸਰੇ ਨਾਲ ਸੰਕ੍ਰਮਿਤ ਹੋਣ ਵਾਲੇ ਬੱਚਿਆਂ ਵਿੱਚ ਗੰਭੀਰ ਸਮੱਸਿਆਵਾਂ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ।

### ਕੀ ਇੱਕੋ ਵਾਰ ਵਿੱਚ ਇੰਨੇ ਸਾਰੇ ਟੀਕੇ ਲਗਵਾਉਣ ਨਾਲ ਬੱਚਿਆਂ ਦਾ ਸਰੀਰ ਬੇਹਾਲ ਹੋ ਸਕਦਾ ਹੈ?

ਨਹੀਂ, ਤੰਦਰੁਸਤ ਬੱਚੇ ਹਰ ਰੋਜ਼ ਹਜ਼ਾਰਾਂ ਕੀਟਾਣੂਆਂ ਨਾਲ ਲੜਦੇ ਹਨ। ਟੀਕਿਆਂ ਵਿੱਚ ਐਂਟੀਜਨਜ਼ ਦੀ ਵਰਤੋਂ ਹੁੰਦੀ ਹੈ, ਜੋ ਕਿ ਕੀਟਾਣੂਆਂ ਦੇ ਉਹ ਹਿੱਸੇ ਹੁੰਦੇ ਹਨ ਜੋ ਸਰੀਰ ਦੀ ਰੋਗ ਪ੍ਰਤੀਰੋਧਕ ਪ੍ਰਣਾਲੀ ਨੂੰ ਬਿਮਾਰੀਆਂ ਨਾਲ ਲੜਨ ਵਾਲੇ ਐਂਟੀਬਾਡੀਜ਼ ਬਣਾਉਣ ਲਈ ਪ੍ਰੇਰਿਤ ਕਰਦੇ ਹਨ। ਭਾਵੇਂ ਬੱਚਿਆਂ ਨੂੰ ਇੱਕੋ ਦਿਨ ਵਿੱਚ ਕਈ ਟੀਕੇ ਲਗਾਏ ਜਾਣ, ਫਿਰ ਵੀ ਇਹਨਾਂ ਟੀਕਿਆਂ ਵਿੱਚ ਐਂਟੀਜਨਜ਼ ਦੀ ਮਾਤਰਾ ਉਸ ਦੇ ਮੁਕਾਬਲੇ ਬਹੁਤ ਹੀ ਮਾਮੂਲੀ ਹੁੰਦੀ ਹੈ, ਜਿਨ੍ਹਾਂ ਦਾ ਬੱਚੇ ਹਰ ਰੋਜ਼ ਆਪਣੇ ਆਲੇ-ਦੁਆਲੇ ਵਿੱਚ ਸਾਹਮਣਾ ਕਰਦੇ ਹਨ।

### ਮੇਰਾ ਬੱਚਾ ਇਸ ਵੇਲੇ ਬਿਮਾਰ ਹੈ। ਕੀ ਅੱਜ ਵੀ ਟੀਕੇ ਲਗਵਾਉਣਾ ਸੁਰੱਖਿਅਤ ਹੈ?

ਮੈਨੂੰ ਆਪਣੇ ਬੱਚੇ ਦੀ ਬਿਮਾਰੀ ਬਾਰੇ ਦੱਸੋ। ਇਹ ਬਿਮਾਰੀ ਕਦੋਂ ਸ਼ੁਰੂ ਹੋਈ ਸੀ ਅਤੇ ਇਸਦੇ ਲੱਛਣ ਕੀ ਹਨ? ਆਮ ਤੌਰ 'ਤੇ, ਬੱਚਿਆਂ ਦਾ ਟੀਕਾਕਰਨ ਕੀਤਾ ਜਾ ਸਕਦਾ ਹੈ, ਭਾਵੇਂ ਉਹਨਾਂ ਨੂੰ ਜ਼ੁਕਾਮ, ਕੰਨ ਵਿੱਚ ਦਰਦ, ਹਲਕਾ ਬੁਖ਼ਾਰ ਜਾਂ ਦਸਤ ਵਰਗੀ ਕੋਈ ਹਲਕੀ ਬਿਮਾਰੀ ਹੋਵੇ। ਇਹ ਗੱਲ ਧਿਆਨ ਵਿੱਚ ਰੱਖੋ ਕਿ ਜੇਕਰ ਤੁਹਾਡੇ ਬੱਚੇ ਨੂੰ ਕੋਈ ਹਲਕੀ ਬਿਮਾਰੀ ਹੈ, ਤਾਂ ਟੀਕਾਕਰਨ ਵਿੱਚ ਦੇਰੀ ਕਰਨ ਨਾਲ ਸਿਹਤ ਨੂੰ ਕੋਈ ਫਾਇਦਾ ਨਹੀਂ ਹੁੰਦਾ ਹੈ। ਇਹ ਬਹੁਤ ਜ਼ਰੂਰੀ ਹੈ ਕਿ ਬੱਚਿਆਂ ਨੂੰ ਸਮੇਂ ਸਿਰ ਟੀਕੇ ਲਗਾਏ ਜਾਣ ਤਾਂ ਜੋ ਉਹ ਗੰਭੀਰ ਬਿਮਾਰੀਆਂ ਤੋਂ ਸੁਰੱਖਿਅਤ ਰਹਿ ਸਕਣ।

### ਬੱਚਿਆਂ ਦੇ ਟੀਕਾਕਰਨ ਬਾਰੇ ਹੋਰ ਜਾਣੋ:

**ਖਸਰੇ ਬਾਰੇ ਸਵਾਲ**
cdc.gov/measles/about/questions.html

**ਤੁਹਾਡੇ ਬੱਚਿਆਂ ਦੇ ਟੀਕਾਕਰਨ ਬਾਰੇ**
cdc.gov/vaccines - children/about/index.html